# ਪਬਲਿਕ ਨੋਟਿਸ

ਆਮ ਜਨਤਾ ਨੂੰ ਇਸ ਇਸ਼ਤਿਹਾਰ ਰਾਹੀਂ ਸੂਚਿਤ ਕੀਤਾ ਜਾਂਦਾ ਹੈ ਕਿ ਦੀ ਜੰਗਲ ਬਹੁਮੰਤਵੀ ਸਹਿਕਾਰੀ ਸੇਵਾ ਸਭਾ ਲਿਮ: ਤਹਿਸੀਲ ਤੇ ਜ਼ਿਲ੍ਹਾ ਪਠਾਨਕੋਟ ਵਿਖੇ ਇਕ ਸੇਲਜ਼ਮੈਨ/ਕੈਸ਼ੀਅਰ ਦੀ ਅਸਾਮੀ ਖਾਲੀ ਹੈ। ਇਸ ਪੋਸਟ 'ਤੇ ਕੰਮ ਕਰਨ ਵਾਲੇ ਚਾਹਵਾਨ ਉਮੀਦਵਾਰਾਂ ਦੀਆਂ ਦਰਖਾਸਤਾਂ ਮਿਤੀ 22.09.2020 ਤੱਕ ਸਭਾ ਦੇ ਦਫ਼ਤਰ ਪਿੰਡ ਜੰਗਲ ਸਭਾ ਦੇ ਪ੍ਰਧਾਨ ਪਾਸ ਸਵੇਰੇ 12 ਵਜੇ ਤੱਕ ਲੈ ਕੇ ਹਾਜ਼ਰ ਹੋਣ। ਇਸ ਪੋਸਟ ਦੀਆਂ ਯੋਗਤਾਵਾਂ ਹੇਠ ਲਿਖੇ ਅਨੁਸਾਰ ਹਨ:-

1. ਮਾਨਤਾ ਪ੍ਰਾਪਤ ਯੂਨੀਵਰਸਿਟੀ ਜਾਂ ਸੰਸਥਾ ਤੋਂ ਗ੍ਰੈਜੂਏਟ ਦੀ ਡਿਗਰੀ।
2. ਦਸਵੀਂ ਪੱਧਰ ਦੀ ਪੰਜਾਬੀ ਦੀ ਵਿੱਦਿਅਕ ਯੋਗਤਾ
3. ਉਮੀਦਵਾਰ ਦੀ ਉਮਰ ਮਿਤੀ 22.09.2020 ਨੂੰ 35 ਸਾਲ ਜਾਂ ਇਸ ਤੋਂ ਘੱਟ ਹੋਵੇ।
4. ਉਮੀਦਵਾਰ ਨੇ ਭਾਰਤ ਸਰਕਾਰ ਦੇ ਇਲੈਕਟ੍ਰੋਨਿਕਸ ਵਿਭਾਗ ਦੇ "ਓ" ਲੈਵਲ ਦੇ ਸਰਟੀਫਿਕੇਟ ਦਾ ਕੋਰਸ ਪਾਸ ਕੀਤਾ ਹੋਵੇ ਜਾਂ ਉਮੀਦਵਾਰ ਨੇ ਸਰਕਾਰ ਵਲੋਂ ਪ੍ਰਵਾਨਿਤ ਕਿਸੇ ਮਸ਼ਹੂਰ ਸੰਸਥਾ ਜੋ ISO 9001 ਅਨੁਸਾਰ ਤਸਦੀਕ ਸ਼ੁਦਾ ਹੋਵੇ ਤੋਂ ਘੱਟੋ-ਘੱਟ 120 ਘੰਟੇ ਦਾ ਹੇਠ ਲਿਖਿਆ ਕੋਰਸ ਕੀਤਾ ਹੋਵੇ:-

ੳ) ਪਰਸਨਲ ਕੰਪਿਊਟਰ ਦਾ ਕੋਰਸ ਜਾਂ ਇਨਫਾਰਮੇਸ਼ਨ ਟੈਕਨੋਲੋਜੀ ਵਿਚ ਆਫ਼ਿਸ ਪ੍ਰੋਡਕਟੀਵਿਟੀ ਐਪਲੀਕੇਸ਼ਨ ਦਾ ਕੋਰਸ ਜਾਂ ਡੈਸਕਟਾਪ ਪਬਲਿਸ਼ਿੰਗ ਦਾ ਕੋਰਸ।

5. ਉਮੀਦਵਾਰ ਦਾ ਪਿਛੋਕੜ ਪੇਂਡੂ ਹੋਵੇ।
6. ਨਿਯੁਕਤ ਕੀਤਾ ਵਿਅਕਤੀ ਇਕ ਸਾਲ ਦੇ ਲਈ ਅਜ਼ਮਾਇਸ਼ 'ਤੇ ਹੋਵੇਗਾ। ਅਜ਼ਮਾਇਸ਼ ਦੇ ਸਮੇਂ ਦੌਰਾਨ ACSTI ਜਲੰਧਰ ਦੁਆਰਾ ਸੰਚਾਲਿਤ ਟੈਸਟ ਟ੍ਰੇਨਿੰਗ ਪਾਸ ਕਰਨਾ ਹੋਵੇਗਾ।
7. ਦਰਖਾਸਤ ਸਾਦੇ ਕਾਗਜ਼ 'ਤੇ ਦਿੱਤੀ ਜਾਵੇ ਅਤੇ ਆਪਣੇ ਅਸਲੀ ਸਰਟੀਫਿਕੇਟ ਇੰਟਰਵਿਊ ਸਮੇਂ ਨਾਲ ਪੇਸ਼ ਕੀਤੇ ਜਾਣ। ਯੋਗ ਉਮੀਦਵਾਰ ਦੀ ਨਿਯੁਕਤੀ 24.09.2020 ਨੂੰ ਕਰ ਦਿੱਤੀ ਜਾਵੇਗੀ।
8. ਤਨਖਾਹ 8000/- ਪ੍ਰਤੀ ਮਹੀਨਾ ਇਕ ਸਾਲ ਲਈ ਉੱਕਾ ਪੁੱਕਾ ਦਿੱਤੀ ਜਾਵੇਗੀ ਅਤੇ ਸਾਲ ਬਾਅਦ ਕੰਮ-ਕਾਜ ਤਸੱਲੀ ਬਖਸ਼ ਹੋਣ 'ਤੇ ਡੀ.ਸੀ. ਰੇਟਾਂ 'ਤੇ ਦੇਣ ਲਈ ਵਿਚਾਰ ਕੀਤਾ ਜਾਵੇਗਾ।

ਮੋਹਰ ਸਿੰਘ (ਪ੍ਰਧਾਨ)

ਦੀ ਜੰਗਲ ਬਹੁਮੰਤਵੀ ਸਹਿਕਾਰੀ ਸੇਵਾ ਸਭਾ ਲਿਮ.,

ਤਹਿ ਤੇ ਜ਼ਿਲ੍ਹਾ ਪਠਾਨਕੋਟ।

Scanned with CamScanner